ਸਮੈਸਟਰ II ਦਸੰ 2018

Roll No. ........................ Total Pages : 4

# 4569/MG

**S–6/2058**

## ਆਧੁਨਿਕ ਪੰਜਾਬੀ ਕਾਵਿ

Paper–II

Option–(i)

Semester–II

Syllabus May–2017

Time Allowed : 3 Hours] [Maximum Marks : 60

**ਨੋਟ :** ਭਾਗ A, B, C ਅਤੇ D ਵਿਚੋਂ **ਇੱਕ-ਇੱਕ** ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ E ਸਾਰਾ ਕਰੋ। ਇਸ ਵਿਚ 12 ਸੰਖੇਪ ਉੱਤਰ ਵਾਲੇ ਪ੍ਰਸ਼ਨਾਂ ਦੇ 2-2 ਅੰਕ ਹਨ।

**ਭਾਗ—A**

1. ਸ਼ਿਵ ਕੁਮਾਰ ਦੇ 'ਬਿਰਹਾ' ਅਨੁਭਵ ਨੂੰ ਬਿਰਹਾ ਤੂੰ ਸੁਲਤਾਨ ਵਿਚਲੀਆਂ ਰਚਨਾਵਾਂ ਦੇ ਅਧਾਰ ਤੇ ਬਿਆਨ ਕਰੋ।

2. ਬਿਰਹਾ ਤੂੰ ਸੁਲਤਾਨ ਦੇ ਸੰਦਰਭ ਵਿੱਚ ਸ਼ਿਵ ਕੁਮਾਰ ਦੀ ਭਾਸ਼ਾ ਤੇ ਕਾਵਿ ਸ਼ੈਲੀ ਬਾਰੇ ਚਰਚਾ ਕਰੋ।

## ਭਾਗ—B

3. ਆਧੁਨਿਕ ਮਨੁੱਖੀ ਸੰਵੇਦਨਾਵਾਂ ਦੇ ਪ੍ਰਗਟਾਵੇ ਨੂੰ ਮੋਮ ਦੇ ਲੋਕ ਦੇ ਅਧਾਰ ਤੇ ਬਿਆਨ ਕਰੋ।

4. ਮੋਮ ਦੇ ਲੋਕ ਦੀਆਂ ਰੁਪਕਾਰਕ ਜੁਗਤਾਂ ਸਬੰਧੀ ਆਪਣੇ ਵਿਚਾਰ ਲਿਖੋ।

## ਭਾਗ—C

5. ਜੁਝਾਰਵਾਦੀ ਕਾਵਿ ਦੇ ਸੰਦਰਭ ਵਿੱਚ ਪਾਸ਼ ਦਾ ਸਥਾਨ ਨਿਸਚਿਤ ਕਰੋ।

6. ਸਾਡੇ ਸਮਿਆਂ ਦੇ ਅਧਾਰ ਤੇ ਪਾਸ਼ ਦੀ ਵਿਦਰੋਹੀ ਰੁਪ ਰੇਖਾ ਉਲੀਕੋ।

## ਭਾਗ—D

7. ਸੁਰਜੀਤ ਪਾਤਰ ਕਾਵਿ ਅਨੁਭਵ ਦੇ ਮੁੱਖ ਪੱਖ ਬਿਰਖ ਅਰਜ ਕਰੋ ਦੇ ਅਧਾਰ ਤੇ ਦਰਸਾਓ।

8. ਬਿਰਖ ਅਰਜ ਕਰੋ ਵਿੱਚ ਪੇਸ਼ ਕਲਾ ਤੇ ਵਿਚਾਰਪਾਰਕ ਸੰਜਮ ਉਪਰ ਚਰਚਾ ਕਰੋ।



## ਭਾਗ—E

9. ਨਿਮਨ ਲਿਖੇ ਪ੍ਰਸ਼ਨਾਂ 'ਤੇ ਸੰਖੇਪ ਨੋਟ ਲਿਖੋ :

(i) ਕੰਮਜੋਰ ਆਰਥਿਕਤਾ ਕਾਰਨ ਦੁੱਖਾ ਦਾ ਸ਼ਿਕਾਰ ਹੋਈ ਔਰਤ ਨੂੰ ਪੇਸ਼ ਕਰਦੀਆਂ ਸ਼ਿਵ ਦੀਆਂ ਦੋ ਕਵਿਤਾਵਾਂ ਦੇ ਨਾਂ ਲਿਖੋ।

(ii) ਸ਼ਿਵ ਕਾਵਿ ਵਿੱਚ ਪੰਜਾਬ ਦਾ ਭੌਂ ਦ੍ਰਿਸ਼ ਪੇਸ਼ ਹੋਇਆ ਹੈ? ਉਦਾਰਣ ਦਿਓ।

(iii) ਸ਼ਿਵ ਕਾਵਿ ਵਿੱਚ ਮੌਤ ਦੇ ਜ਼ਿਕਰ ਬਾਰੇ ਦੱਸੋ।

(iv) ਇਨਕਾਰ ਕਵਿਤਾ ਵਿੱਚ ਪਾਸ਼ ਨੇ ਕੀ ਐਲਾਨ ਨਾਮਾ ਕੀਤਾ?

(v) ਪਾਸ਼ ਕਾਵਿ ਵਿੱਚ ਪੇਸ਼ ਅਨੁਭਵ ਕਿਹੜੀ ਸਮਾਜਿਕ ਧਿਰ ਦਾ ਹੈ?

(vi) ਪਾਸ਼ ਕਾਵਿ ਦੀ ਵਿਅੰਗ ਵਿਧੀ ਬਾਰੇ ਦੱਸੋ।

(vii) ਜਗਤਾਰ ਕਿਸ ਕਾਵਿਧਾਰਾ ਦਾ ਕਵੀ ਸਿੱਧ ਹੁੰਦਾ ਹੈ?

(viii) ਜਗਤਾਰ ਦੀ ਕਾਵਿ ਭਾਸ਼ਾ ਦੀ ਇੱਕ ਵਿਸ਼ੇਸ਼ਤਾ ਦੱਸੋ।

(ix) 'ਮੋਮ ਦੇ ਲੋਕ' ਵਿੱਚ ਪੇਸ਼ ਔਰਤ ਬਾਰੇ ਸੰਖੇਪ ਟਿਪਣੀ ਕਰੋ।

(x) ਸੁਰਜੀਤ ਪਾਤਰ ਦੀਆਂ ਵਿਅੰਗ ਵਿਧੀ ਵਾਲੀਆਂ ਦੋ ਕਵਿਤਾਵਾਂ ਦੇ ਨਾਂ ਦੱਸੋ।

(xi) ਪਾਤਰ ਦੀ ਪ੍ਰਗੀਤਕਤਾ ਦਾ ਇੱਕ ਲੱਛਣ ਬਿਆਨ ਕਰੋ।

(xii) 'ਬਿਰਖ ਅਰਜ ਕਰੋ' ਵਿੱਚ ਬਿਰਖ ਦੇ ਪ੍ਰਤੀਕ ਦਾ ਕੀ ਮਹੱਤਵ ਹੈ?

Roll No. .................................. Total No. of Pages : 3

# PC 3217-MG

**O-2/2058**

**ਪੰਜਾਬੀ ਸਾਹਿਤ ਦਾ ਇਤਿਹਾਸ, Paper–I**

**Semester–II**

Time Allowed : Three Hours] [Maximum Marks : 60

**ਨੋਟ :-** ਭਾਗ ੳ ਅਤੇ ਅ ਦੇ ੳ-1, ੳ-2 ਅਤੇ ਅ-1, ਅ-2 ਹਰੇਕ ਵਿਚੋਂ **ਇੱਕ-ਇੱਕ** ਪ੍ਰਸ਼ਨ ਕਰੋ, ਹਰੇਕ ਪ੍ਰਸ਼ਨ ਦੇ 9 ਅੰਕ ਹਨ। ਭਾਗ ੲ ਦੇ ਸਾਰੇ 12 ਸੰਖੇਪ ਪ੍ਰਸ਼ਨ ਕਰੋ, ਹਰੇਕ ਪ੍ਰਸ਼ਨ ਦੇ 2 ਅੰਕ ਹਨ।

## ਭਾਗ—ੳ

### ੳ-1

1. ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਤੁਸੀਂ ਕਿਹੜੇ-ਕਿਹੜੇ ਰਾਜਸੀ-ਸਭਿਆਚਾਰਕ ਪ੍ਰਭਾਵਾਂ ਦਾ ਸਿੱਟਾ ਮੰਨਦੇ ਹੋ ? ਸਪਸ਼ਟ ਕਰੋ।

2. ਆਧੁਨਿਕਤਾ ਦੇ ਸੰਕਲਪ ਅਤੇ ਸਿਧਾਂਤਾਂ ਉਪਰ ਵਿਚਾਰ ਕਰਦਿਆਂ ਇਹ ਸਾਬਤ ਕਰੋ ਕਿ ਆਧੁਨਿਕ ਪੰਜਾਬੀ ਸਾਹਿਤ ਵੀ ਇਨ੍ਹਾਂ ਪ੍ਰਤਿ ਹੁੰਗਾਰਾ ਭਰਦਾ ਹੈ ?

9×1=9

### ੳ-2

3. ਆਧੁਨਿਕ ਪੰਜਾਬੀ ਸਾਹਿਤ ਵਿੱਚ ਪ੍ਰਗਤੀਵਾਦੀ ਪ੍ਰਵਿਰਤੀ ਦੇ ਪ੍ਰਭਾਵ ਅਧੀਨ ਢੇਰ ਸਾਰਾ ਸਾਹਿਤ ਰਚਿਆ ਗਿਆ। ਅਜੇਹੇ ਸਾਹਿਤ ਨਾਲ ਜਾਣ-ਪਛਾਣ ਕਰਾਓ।

4. ਆਧੁਨਿਕ ਪੰਜਾਬੀ ਸਾਹਿਤ ਦੀਆਂ ਕੀ-ਕੀ ਸੀਮਾਵਾਂ ਅਤੇ ਪ੍ਰਾਪਤੀਆਂ ਹਨ ? ਵਿਸਥਾਰ ਵਿੱਚ ਉੱਤਰ ਦਿਓ। 9×1=9

## ਭਾਗ—ਅ

### ਅ–1

5. ਪੰਜਾਬੀ ਸਫ਼ਰਨਾਮੇ ਦਾ ਸੰਖੇਪ ਇਤਿਹਾਸ ਦੱਸਦਿਆਂ ਹੋਇਆਂ ਇਸ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਬਾਰੇ ਚਰਚਾ ਕਰੋ।

6. ਪੰਜਾਬੀ ਕਹਾਣੀ ਦਾ ਸੰਖੇਪ ਇਤਿਹਾਸ ਉਲੀਕਦੇ ਹੋਏ ਇਸ ਦੀਆਂ ਪ੍ਰਾਪਤੀਆਂ ਉੱਤੇ ਚਾਨਣਾ ਪਾਓ। 9×1=9

### ਅ–2

7. ਸੰਯੁਕਤ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਤੋਂ ਤੁਹਾਡਾ ਕੀ ਭਾਵ ਹੈ ? ਇਸ ਦੇ ਸੰਕਲਪ ਅਤੇ ਸਰੂਪ ਨੂੰ ਸਪਸ਼ਟ ਕਰੋ।

8. ਸੰਯੁਕਤ ਪੰਜਾਬੀ ਨਾਟਕ ਦੀ ਇਤਿਹਾਸਕਾਰੀ ਦੀਆਂ ਕੀ-ਕੀ ਸੰਭਾਵਨਾਵਾਂ ਅਤੇ ਸਮੱਸਿਆਵਾਂ ਹਨ ? ਵਿਸਤਾਰ ਵਿੱਚ ਉੱਤਰ ਦਿਓ। 9×1=9

## ਭਾਗ—ੲ

**ਨੋਟ :–** ਸਾਰੇ ਪ੍ਰਸ਼ਨ ਲਾਜ਼ਮੀ ਹਨ। ਉੱਤਰ **5-6** ਸਤਰਾਂ ਵਿੱਚ ਦਿਓ :

9. (i) ਆਧੁਨਿਕ ਪੰਜਾਬੀ ਸਾਹਿਤ ਵਿੱਚ ਸੰਕ੍ਰਾਂਤੀ ਕਾਲ ਕਿਸ ਨੂੰ ਮੰਨਿਆਂ ਜਾਂਦਾ ਹੈ ਅਤੇ ਕਿਉਂ ?

(ii) 1850-1900 ਈ. ਤਕ ਹੋਏ ਦੋ ਸੂਫੀ ਕਵੀਆਂ ਨਾਲ ਸੰਖੇਪ ਵਿੱਚ ਜਾਣ-ਪਛਾਣ ਕਰਾਓ।

(iii) ਈਸਾਈ ਮਿਸ਼ਨਰੀਆਂ ਨੇ ਪੰਜਾਬੀ ਵਿਆਕਰਣ ਸੰਬੰਧੀ ਕੀ ਭੂਮਿਕਾ ਨਿਭਾਈ ?

(iv) ਪੱਛਮੀ ਪ੍ਰਭਾਵ ਅਧੀਨ ਕਿਹੜੇ-ਕਿਹੜੇ ਵਾਰਤਕ ਰੂਪ ਹੋਂਦ ਵਿੱਚ ਆਏ ?

(v) ਚਾਰ ਪ੍ਰਯੋਗਵਾਦੀ ਕਵੀਆਂ ਅਤੇ ਉਨ੍ਹਾਂ ਦੀ ਇੱਕ-ਇੱਕ ਰਚਨਾ ਦਾ ਨਾਂ ਲਿਖੋ।

(vi) ਚਾਰ ਇਸਤਰੀ ਗ਼ਜ਼ਲਕਾਰਾਂ ਦੇ ਨਾਂ ਲਿਖੋ। ਇੱਕ-ਇੱਕ ਸੰਗ੍ਰਹਿ ਦਾ ਨਾਂ ਵੀ ਲਿਖੋ।



(vii) ਪੰਜਾਬੀ ਸੁਧਾਰਵਾਦੀ ਨਾਵਲ ਦਾ ਮੋਢੀ ਕੌਣ ਹੈ ? ਉਸ ਦੇ ਇੱਕ ਨਾਵਲ ਦਾ ਨਾਂ ਵੀ ਲਿਖੋ।

(viii) ਚਾਰ ਨਾਟਕਕਾਰਾਂ ਦੇ ਨਾਂ ਦੱਸੋ ਜੋ ਅਦਾਕਾਰ ਵੀ ਸਨ।

(ix) ਦੋ ਪੰਜਾਬੀ ਨਾਵਲਕਾਰਾਂ ਦੇ ਨਾਂ ਦੱਸੋ ਜਿਨ੍ਹਾਂ ਨੇ ਨਿਮਨ ਕਿਸਾਨੀ ਬਾਰੇ ਨਾਵਲ ਲਿਖੇ। ਨਾਵਲਾਂ ਦੇ ਨਾਂ ਵੀ ਲਿਖੋ।

(x) ਦੋ ਪਰਵਾਸੀ ਪੰਜਾਬੀ ਨਾਟਕਕਾਰਾਂ ਦੇ ਨਾਂ, ਉਨ੍ਹਾਂ ਦੇ ਨਾਟਕਾਂ ਦੇ ਨਾਵਾਂ ਸਮੇਤ, ਲਿਖੋ।

(xi) ਦੋ ਪਾਕਿਸਤਾਨੀ ਪੰਜਾਬੀ ਨਾਵਲਕਾਰਾਂ ਦੇ ਨਾਂ ਲਿਖੋ ਅਤੇ ਉਨ੍ਹਾਂ ਦੇ ਇੱਕ-ਇੱਕ ਨਾਵਲ ਦਾ ਨਾਂ ਵੀ ਦੱਸੋ।

(xii) ਪੰਜਾਬੀ ਆਲੋਚਨਾ ਦੀਆਂ ਚਾਰ ਪ੍ਰਵਿਰਤੀਆਂ ਦੱਸ ਕੇ ਉਨ੍ਹਾਂ ਪ੍ਰਵਿਰਤੀਆਂ ਦੇ ਆਲੋਚਕ ਅਤੇ ਉਨ੍ਹਾਂ ਦੀ ਆਲੋਚਨਾ ਪੁਸਤਕ ਦਾ ਨਾਂ ਵੀ ਲਿਖੋ। 12×2=24

ਐਮ ਏ ਭਾਗ ਪਹਿਲਾ 2018

ਆਧੁਨਿਕ ਪੰਜਾਬੀ ਗਲਪ

ਪੇਪਰ ਚੌਥਾ ਆਪਸ਼ਨ ਦੂਜੀ

SEMESTER-II

**SYLLABUS MAY ,2017**

**Time : 3 hours** **M: Marks :60**

ਨੋਟ: ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਪਹਿਲੇ ਦੋ ਭਾਗਾਂ ਦੇ ਹਰੇਕ ਉਪ-ਭਾਗ (ੳ-1, ੳ-2, ਅ-1, ਅ-2) ਵਿਚੋਂ ਦੋ-ਦੋ ਪ੍ਰਸ਼ਨ ਪੁੱਛੇ ਗਏ ਹਨ ਜਿਨ੍ਹਾਂ ਵਿਚੋਂ ਪ੍ਰੀਖਿਆਰਥੀ ਨੇ ਇਕ-ਇਕ ਪ੍ਰਸ਼ਨ ਕਰਨਾ ਹੈ। ਹਰੇਕ ਪ੍ਰਸ਼ਨ ਦੇ 9 ਅੰਕ ਹਨ। ਤੀਜੇ ਭਾਗ ਵਿਚ 12 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ।

**ਭਾਗ-ੳ (ੳ-1)**

1. ਕੁਲਵੰਤ ਸਿੰਘ ਵਿਰਕ ਦੇ ਕਹਾਣੀ ਸੰਗ੍ਰਹਿ 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਵਿਚ ਵਰਤੀਆਂ ਗਈਆਂ ਕਥਾ-ਜੁਗਤਾਂ ਨੂੰ ਉਦਹਰਨਾਂ ਨਾਲ ਸਪਸ਼ਟ ਕਰੋ।

ਜਾਂ

2. ਕਹਾਣੀ ਸਾਧਾਰਨ ਮਨੁੱਖ ਦੀ ਸਾਧਾਰਨਤਾ ਦੀ ਬਾਤ ਪਾਉਂਦੀ ਹੈ, ਇਸ ਕਥਨ ਨੂੰ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਸਪਸ਼ਟ ਕਰੋ।

**(ੳ-2)**

3. 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਦੇ ਦਾਰਸ਼ਨਿਕ ਪੱਖ 'ਤੇ ਚਾਨਣਾ ਪਾਉ।

ਜਾਂ

4. 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਦੇ ਆਧਾਰ 'ਤੇ ਸੁਖਵੰਤ ਕੌਰ ਮਾਨ ਦੀ ਕਹਾਣੀ ਕਲਾ ਦੇ ਪ੍ਰਮੁੱਖ ਪਾਸਾਰਾਂ ਨੂੰ ਉਭਾਰੋ।

**ਭਾਗ-ਅ (ਅ-1)**

5. 'ਚੌਥੀ ਕੂਟ' ਕਹਾਣੀ ਸੰਗ੍ਰਹਿ ਦੇ ਆਧਾਰ 'ਤੇ ਵਰਿਆਮ ਸਿੰਘ ਸੰਧੂ ਦੀ ਭਾਸ਼ਾ ਤੇ ਸ਼ੈਲੀ ਦੀ ਵੱਖਰਤਾ ਬਾਰੇ ਵਿਸਥਾਰ ਚਰਚਾ ਕਰੋ।

ਜਾਂ

6. 'ਚੌਥੀ ਕੂਟ' ਕਹਾਣੀ ਸੰਗ੍ਰਹਿ ਦੀਆਂ ਕਲਾਤਮਕ ਜੁਗਤਾਂ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ ।

**(ਅ-2)**

7. 'ਕਥਾ ਪ੍ਰਵਾਹ' ਕਹਾਣੀ ਸੰਗ੍ਰਹਿ ਵਿਚ ਪੇਸ਼ ਵਿਭਿੰਨ ਸਮਾਜਿਕ ਸਰੋਕਾਰਾਂ ਨੂੰ ਉਦਾਹਰਨਾਂ ਸਹਿਤ ਸਪੱਸ਼ਟ ਕਰੋ।

ਜਾਂ

– ਪਰਤੋ –

8. 'ਕਥਾ ਪ੍ਰਵਾਹ' ਕਹਾਣੀ ਵਿਚ ਪੇਸ਼ ਕਹਾਣੀਆਂ ਵਿਚੋਂ ਕਿਸੇ ਇਕ ਕਹਾਣੀ ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰੋ।

**ਭਾਗ-ੲ**

1. ਨਿੱਕੀ ਕਹਾਣੀ ਨੂੰ ਪਰਿਭਾਸ਼ਤ ਕਰੋ।
2. 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਕਹਾਣੀ ਸੰਗ੍ਰਹਿ ਵਿਚਲੀਆਂ ਚਾਰ ਕਹਾਣੀਆਂ ਦੇ ਨਾਮ ਦੱਸੋ।
3. ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਕੋਈ ਚਾਰ ਲੱਛਣ ਦੱਸੋ।
4. ਕੁਲਵੰਤ ਸਿੰਘ ਵਿਰਕ ਨੂੰ ਕਿਸ ਕਹਾਣੀ ਸੰਗ੍ਰਹਿ ਉੱਤੇ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ?
5. ਕਹਾਣੀ ਦੇ ਤੱਤਾਂ ਬਾਰੇ ਸੰਖੇਪ ਵਿਚ ਚਰਚਾ ਕਰੋ।
6. 'ਚਾਦਰ ਹੇਠਲਾ ਬੰਦਾ' ਕਹਾਣੀ ਦਾ ਸਿਰਲੇਖ
7. ਢੁੱਕਵਾਂ ਹੈ ਜਾਂ ਨਹੀਂ? ਚਰਚਾ ਕਰੋ
8. 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਵਿਚਲੀਆਂ ਕੋਈ ਚਾਰ ਕਹਾਣੀਆਂ ਦੇ ਨਾਮ ਲਿਖੋ।
9. 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਵਿਚੋਂ ਤਹਾਨੂੰ ਸਭ ਤੋਂ ਵਧੀਆ ਕਿਹੜੀ ਕਹਾਣੀ ਲੱਗੀ ਅਤੇ ਕਿਉਂ? ਆਪਣੇ ਵਿਚਾਰ ਦਿਉ।
10. 'ਚੌਥੀ ਕੂਟ' ਕਹਾਣੀ ਮਾਨਵੀ ਹੋਂਦ ਦੇ ਕਿਸ ਰੂਪ ਦੀ ਬਾਤ ਪਾਉਂਦੀ ਹੈ?
11. ਵਰਿਆਮ ਸਿੰਘ ਸੰਧੂ ਨੇ 'ਚੌਥੀ ਕੂਟ' ਕਹਾਣੀ ਸੰਗ੍ਰਹਿ ਵਿਚ ਸੰਕਟ ਸਮੇਂ ਦੇ ਮਾਹੌਲ ਨੂੰ ਕਿਹੜੀਆਂ ਜੁਗਤਾਂ ਨਾਲ ਚਿਤਰਿਆ ਹੈ।
12. ਸੁਖਵੰਤ ਕੌਰ ਮਾਨ ਨੇ ਕਹਾਣੀਆਂ ਤੋਂ ਇਲਾਵਾ ਹੋਰ ਕਿਹੜੇ ਸਾਹਿਤਕ ਰੂਪਾਂ ਵਿਚ ਰਚਨਾ ਕੀਤੀ?
13. ਸੁਖਵੰਤ ਕੌਰ ਮਾਨ ਕਹਾਣੀ ਰਚਨਾ ਦੇ ਮਾਮਲੇ ਵਿਚ ਹੋਰ ਔਰਤ ਕਹਾਣੀਕਾਰਾਂ ਤੋਂ ਕਿਵੇਂ ਵੱਖਰੀ ਹੈ?

4573/mG

Roll No. ........................... Total No. of Pages : 2

# PC 3219-MG

**O-2/2058**

**ਪੰਜਾਬੀ ਨਾਟਕ, ਪੇਪਰ–ਤੀਜਾ, Opt. (i)**

**Semester–II**

Time Allowed : Three Hours] [Maximum Marks : 60

**ਭਾਗ—ੳ**

1. ਨਾਟ ਪਾਠ ਵਿਚ ਸੰਚਾਰ ਜੁਗਤਾਂ ਦਾ ਕੀ ਮਹੱਤਵ ਹੈ ਇਹ ਦਸਦੇ ਹੋਏ ਨਾਟ ਪਾਠ ਦੀਆਂ ਸੰਚਾਰ ਜੁਗਤਾਂ ਬਾਰੇ ਜਾਣਕਾਰੀ ਦਿਓ।

**ਜਾਂ**

ਪੂਰਾ ਨਾਟਕ ਕੀ ਹੁੰਦਾ ਹੈ ? ਇਸਦਾ ਸਿਧਾਂਤਕ ਚੌਖਟਾ ਸਪਸ਼ਟ ਕਰੋ। 9

**ਭਾਗ—ਅ**

**ਨੋਟ :-** ਕਿਸੇ ਤਿੰਨ ਉਪ-ਭਾਗਾਂ ਵਿਚੋਂ **ਤਿੰਨ** ਪ੍ਰਸ਼ਨ ਕਰੋ। ਇੱਕ ਉਪ-ਭਾਗ ਵਿਚੋਂ **ਇਕ** ਹੀ ਪ੍ਰਸ਼ਨ ਕੀਤਾ ਜਾਵੇ। ਭਾਵ ਅੱਠ ਪ੍ਰਸ਼ਨਾਂ ਵਿਚੋਂ **ਤਿੰਨ** ਪ੍ਰਸ਼ਨ ਕਰਨੇ ਹਨ।

**ਅ—1**

2. 'ਕੱਲ੍ਹ ਕਾਲਜ ਬੰਦ ਰਵ੍ਹੇਗਾ' ਨਾਟਕ ਦੇ ਆਧਾਰ 'ਤੇ ਚਰਨਦਾਸ ਸਿੱਧੂ ਦੀ ਨਾਟਕ ਕਲਾ ਦਾ ਵਿਸ਼ਲੇਸ਼ਣ ਕਰੋ।

**ਜਾਂ**

'ਕੱਲ੍ਹ ਕਾਲਜ ਬੰਦ ਰਵ੍ਹੇਗਾ' ਨਾਟਕ ਵਿਦਿਅਕ ਅਦਾਰਿਆਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ, ਕਿਵੇਂ ?

**ਅ—2**

3. 'ਸੱਤ ਬਗਾਨੇ' ਨਾਟਕ ਦੀ ਭਾਸ਼ਾ ਅਤੇ ਵਾਰਤਾਲਾਪ 'ਤੇ ਨੋਟ ਲਿਖੋ।

**ਜਾਂ**

'ਸੱਤ ਬਗਾਨੇ' ਨਾਟਕ ਪੰਜਾਬੀ ਸਮਾਜ ਦਾ ਸਭਿਆਚਾਰਕ ਅਤੇ ਆਰਥਿਕ ਨਕਸ਼ਾ ਖਿਚਦਾ ਹੈ। ਸਪਸ਼ਟ ਕਰੋ।

### ਅ—3

4. 'ਸ਼ਾਇਰੀ' ਨਾਟਕ ਦੇ ਕਥਾਨਕ 'ਤੇ ਨੋਟ ਲਿਖੋ।

**ਜਾਂ**

ਸਵਰਾਜਬੀਰ ਦਾ ਨਾਟਕ 'ਸ਼ਾਇਰੀ' ਨਾਰੀ-ਚੇਤਨਾ ਦਾ ਲਖਾਇਕ ਬਣਦਾ ਹੈ। ਸਪੱਸ਼ਟ ਕਰੋ।

### ਅ—4

5. 'ਕੁਕਨਸ' ਨਾਟਕ ਦੇ ਪਾਤਰਾਂ ਨਾਲ ਜਾਣ-ਪਛਾਣ ਕਰਾਉਂਦੇ ਹੋਏ ਇਸ ਦੇ ਪਾਤਰ ਚਿਤਰਨ ਦੀਆਂ ਵਿਸ਼ੇਸ਼ਤਾਵਾਂ ਦੱਸੋ।

**ਜਾਂ**

'ਕੁਕਨਸ' ਨਾਟਕ ਦੇ ਆਧਾਰ 'ਤੇ ਇਸਹਾਕ ਮੁਹੰਮਦ ਦੀ ਪੰਜਾਬੀ ਨਾਟਕ ਨੂੰ ਦੇਣ ਬਾਰੇ ਵਿਸ਼ਲੇਸ਼ਣ ਕਰੋ। 9×3=27

### ਭਾਗ—ੲ

**ਨੋਟ :-** ਸਾਰੇ ਪ੍ਰਸ਼ਨ ਜ਼ਰੂਰੀ ਹਨ। ਸੰਖੇਪ ਵਿੱਚ ਉੱਤਰ ਦਿਓ :

1. ਵਿਸ਼ਵ ਨਾਟ-ਚਿੰਤਨ ਨੂੰ ਸਪੱਸ਼ਟ ਕਰੋ।
2. ਕਾਵਿ-ਨਾਟਕ ਦੇ ਪਛਾਣ-ਚਿੰਨ੍ਹ ਦੱਸੋ।
3. ਐਪਿਕ ਥੀਏਟਰ ਸ਼ੈਲੀ ਬਾਰੇ ਸੰਖੇਪ ਦੱਸੋ।
4. ਚਰਨਦਾਸ ਸਿੱਧੂ ਦੇ ਚਾਰ ਨਾਟਕਾਂ ਦੇ ਨਾਮ ਦੱਸੋ।
5. 'ਕੱਲ੍ਹ ਕਾਲਜ ਬੰਦ ਰਵ੍ਹੇਗਾ' ਨਾਟਕ ਦੇ ਨਾਟ-ਵਸਤੂ ਬਾਰੇ ਲਿਖੋ।
6. 'ਸੱਤ ਬਗਾਨੇ' ਨਾਟਕ ਦੇ ਪਾਤਰਾਂ ਦੇ ਨਾਮ ਦੱਸੋ।
7. ਅਜਮੇਰ ਔਲਖ ਨਿਮਨ-ਕਿਸਾਨੀ ਦਾ ਨਾਟਕਕਾਰ ਹੈ। ਕਿਵੇਂ ?
8. 'ਸ਼ਾਇਰੀ' ਨਾਟਕ ਦੀ ਮੁੱਖ ਪਾਤਰ ਆਇਸ਼ਾ ਦਾ ਪਾਤਰ-ਚਿਤਰਨ ਕਰੋ।
9. ਸਵਰਾਜਬੀਰ ਦੀ ਰੰਗਮੰਚੀ ਚੇਤਨਾ ਬਾਰੇ ਲਿਖੋ।
10. 'ਕੁਕਨਸ' ਨਾਟਕ ਦੇ ਮੁੱਖ ਪਾਤਰ ਨਾਲ ਜਾਣ-ਪਛਾਣ ਕਰਾਓ।
11. ਨਾਟਕ ਦੇ ਨਵੇਂ ਨਾਟ-ਰੂਪ ਬਾਰੇ ਦੱਸੋ।
12. ਐਬਸਰਡ ਥੀਏਟਰ ਕੀ ਹੁੰਦਾ ਹੈ ? 12×2=24

Roll No. .................................. Total No. of Pages : 3

# PC 3218-MG

**O-2/2058**

**ਸਾਹਿਤ ਆਲੋਚਨਾ ਦੇ ਸਿਧਾਂਤ**

**ਪੇਪਰ-ਦੂਜਾ**

**ਸਮੈਸਟਰ-ਦੂਜਾ**

Time Allowed : Three Hours] [Maximum Marks : 60

**ਨੋਟ :-** ਪ੍ਰਸ਼ਨ ਪੱਤਰ ਦੇ 3 ਭਾਗ ਹਨ। ਭਾਗ (ੳ) ਵਿਚਲੇ **ਦੋ** ਪ੍ਰਸ਼ਨਾਂ ਵਿਚੋਂ **ਇੱਕ** ਦਾ ਉੱਤਰ ਲਿਖਣਾ ਹੈ। ਭਾਗ (ਅ) ਦੇ ਅੱਗਿਉਂ 4 ਉਪ-ਭਾਗ ਹਨ। ਹਰੇਕ ਉਪਭਾਗ ਵਿਚ ਦੋ-ਦੋ ਪ੍ਰਸ਼ਨ ਪੁੱਛੇ ਗਏ ਹਨ। ਪਰੀਖਿਆਰਥੀ ਨੇ ਭਾਗ (ਅ) ਵਿਚੋਂ ਕੁਲ 3 ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ ਪਰ ਕਿਸੇ ਵੀ ਉਪ-ਭਾਗ ਵਿਚੋਂ ਇੱਕ ਤੋਂ ਜ਼ਿਆਦਾ ਪ੍ਰਸ਼ਨਾਂ ਦਾ ਉੱਤਰ ਨਹੀਂ ਲਿਖਣਾ। ਭਾਗ (ੳ) ਅਤੇ (ਅ) ਦੇ ਸਾਰੇ ਪ੍ਰਸ਼ਨ 9-9 ਅੰਕਾਂ ਦੇ ਹਨ। ਭਾਗ (ੲ) ਵਿਚ ਛੋਟੇ ਉੱਤਰਾਂ ਵਾਲੇ 12 ਪ੍ਰਸ਼ਨ ਪੁੱਛੇ ਗਏ ਹਨ। ਪਰੀਖਿਆਰਥੀ ਨੇ 2-2 ਅੰਕਾਂ ਵਾਲੇ ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

## ਭਾਗ-ੳ

1. ਸਾਹਿਤ ਅਤੇ ਮਨੋਵਿਗਿਆਨ ਦੇ ਸੰਬੰਧਾਂ ਬਾਰੇ ਆਲੋਚਨਾਤਮਕ ਚਰਚਾ ਕਰੋ। 9

2. ਸੰਰਚਨਾਵਾਦੀ ਵਿਧੀ ਦੇ ਸੰਦਰਭ ਵਿੱਚ ਉੱਤਰ-ਸੰਰਚਨਾਵਾਦ ਦੇ ਮੁੱਖ ਸੰਕਲਪਾਂ ਨਾਲ ਜਾਣ-ਪਛਾਣ ਕਰਵਾਉ। 9

## ਭਾਗ-ਅ

### ਉਪ-ਭਾਗ (ਅ-1)

3. ਮਾਰਕਸਵਾਦੀ ਚਿੰਤਨ ਪ੍ਰਣਾਲੀ ਅਨੁਸਾਰ ਸਾਹਿਤ ਦਾ ਅਧਿਐਨ ਕਰਦਿਆਂ ਕਿਹੜੇ ਮੁੱਖ ਮਸਲਿਆਂ ਉੱਤੇ ਫ਼ੋਕਸ ਕੀਤਾ ਜਾਂਦਾ ਹੈ ? 9

4. ਮਨੋਵਿਸ਼ਲੇਸ਼ਣ ਸਿਧਾਂਤ ਦੇ ਮੂਲ ਸੰਕਲਪਾਂ ਉੱਤੇ ਰੋਸ਼ਨੀ ਪਾਉ ਅਤੇ ਦੱਸੋ ਕਿ ਸਾਹਿਤ ਰਚਨਾ ਦੀ ਵਿਆਖਿਆ ਵਿੱਚ ਇਨ੍ਹਾਂ ਦੀ ਕੀ ਮਹੱਤਤਾ ਹੈ ? 9

## ਉਪ-ਭਾਗ (ਅ-2)

5. ਅਸਤਿਤਵਵਾਦੀ ਚਿੰਤਨ ਦੇ ਮੂਲ ਸਿਧਾਂਤਾਂ ਤੋਂ ਜਾਣੂੰ ਕਰਵਾਉ ਅਤੇ ਦੱਸੋ ਕਿ ਸਾਹਿਤ ਸਿਰਜਣਾ/ਸਮੀਖਿਆ ਵਿਚ ਇਨ੍ਹਾਂ ਦੀ ਕੀ ਸਾਰਥਕਤਾ ਹੋ ਸਕਦੀ ਹੈ ? 9

6. ਸਾਹਿਤ ਅਧਿਐਨ ਦੀ ਸੰਰਚਨਾਵਾਦੀ ਵਿਧੀ ਦੇ ਭਾਸ਼ਾ-ਵਿਗਿਆਨਕ ਆਧਾਰਾਂ ਬਾਰੇ ਚਰਚਾ ਕਰੋ ਅਤੇ ਦੱਸੋ ਕਿ ਸਾਹਿਤਕ ਰਚਨਾ ਦੀ ਸਮੀਖਿਆ ਲਈ ਇਸ ਵਿਧੀ ਦਾ ਅਧਿਐਨ ਚੌਖਟਾ ਕੀ ਹੈ ? 9

## ਉਪ-ਭਾਗ (ਅ-3)

7. ਆਧੁਨਿਕਤਾ ਦੇ ਇਤਿਹਾਸਕ ਵਿਕਾਸ ਅਤੇ ਕੇਂਦਰੀ ਧਾਰਣਾਵਾਂ ਦੇ ਪ੍ਰਸੰਗ ਵਿੱਚ ਉੱਤਰ-ਆਧੁਨਿਕਵਾਦੀ ਸਿਧਾਂਤ ਦੇ ਮੁੱਖ ਸੰਕਲਪਾਂ ਬਾਰੇ ਆਲੋਚਨਾਤਮਕ ਚਰਚਾ ਕਰੋ। 9

8. ਨਾਰੀਵਾਦ ਦੇ ਇਤਿਹਾਸਕ ਵਿਕਾਸ ਨੂੰ ਉਲੀਕਦਿਆਂ ਨਾਰੀ ਹੋਂਦ ਅਤੇ ਸੰਘਰਸ਼ ਦੇ ਮਸਲਿਆਂ ਬਾਰੇ ਇਸ ਦੀਆਂ ਮੁੱਖ ਧਾਰਣਾਵਾਂ ਤੋਂ ਜਾਣੂੰ ਕਰਵਾਉ। 9

## ਉਪ-ਭਾਗ (ਅ-4)

9. ਪੰਜਾਬੀ ਆਲੋਚਨਾ ਦੀਆਂ ਮੁੱਖ ਪ੍ਰਵਿਰਤੀਆਂ ਬਾਰੇ ਚਰਚਾ ਕਰੋ ਅਤੇ ਹੁਣ ਤਕ ਦੀ ਪੰਜਾਬੀ ਆਲੋਚਨਾ ਦੀਆਂ ਮੁੱਖ ਪ੍ਰਾਪਤੀਆਂ ਅਤੇ ਸੀਮਾਵਾਂ ਬਾਰੇ ਦੱਸੋ। 9

10. ਮੈਟਾ ਆਲੋਚਨਾ ਨੂੰ ਪਰਿਭਾਸ਼ਿਤ ਕਰਦਿਆਂ ਸਾਹਿਤ ਆਲੋਚਨਾ ਦੀ ਅਧਿਐਨ ਪੱਖੋਂ ਇਸ ਦੇ ਮੂਲ ਸੰਕਲਪਾਂ ਨਾਲ ਜਾਣ-ਪਛਾਣ ਕਰਵਾਉ। 9

## ਭਾਗ-ੲ

11. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਉ। ਹਰ ਇੱਕ ਪ੍ਰਸ਼ਨ ਦਾ ਉੱਤਰ 5-6 ਸਤਰਾਂ ਵਿਚ ਹੋਵੇ :

(i) ਪੱਛਮੀ ਸਾਹਿਤ-ਸਿਧਾਂਤ ਕਿਤਾਬ ਵਿਚ ਸ਼ਾਮਿਲ ਲੇਖਾਂ 'ਅਨੁਕਰਣ ਸਿਧਾਂਤ' ਅਤੇ 'ਅਸਤਿਤਵਵਾਦ' ਦੇ ਲੇਖਕਾਂ ਦੇ ਨਾਮ ਲਿਖੋ।

(ii) ਟੀ. ਆਰ. ਵਿਨੋਦ ਅਨੁਸਾਰ ਸਾਹਿਤ ਦਾ ਮੁੱਖ ਕਰਤੱਵ ਕੀ ਹੈ ?

(iii) ਅਫ਼ਲਾਤੂਨ ਅਤੇ ਪਲੈਟੋ ਦੇ ਅਨੁਕਰਣ ਸਿਧਾਂਤ ਵਿਚ ਕੀ ਅੰਤਰ ਸੀ ?



(iv) ਦਵੰਦਵਾਦੀ ਪਦਾਰਥਵਾਦੀ ਤੋਂ ਤੁਹਾਡਾ ਕੀ ਭਾਵ ਹੈ ?

(v) ਸੰਰਚਨਾਵਾਦੀ ਸਾਹਿਤ ਸਿਧਾਂਤ ਦਾ ਮੂਲ ਆਧਾਰ ਕੀ ਹੈ ?

(vi) ਪੰਜਾਬੀ ਦੇ ਚਾਰ ਰੂਪਵਾਦੀ-ਸੰਰਚਨਾਵਾਦੀ ਆਲੋਚਕਾਂ ਦੇ ਨਾਮ ਲਿਖੋ।

(vii) ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ ਦੇ ਵਿਕਾਸ ਵਿਚ ਯੋਗਦਾਨ ਪਾਉਣ ਵਾਲੇ ਚਾਰ ਮੁੱਖ ਚਿੰਤਕਾਂ ਦੇ ਨਾਮ ਲਿਖੋ।

(viii) ਅਰਸਤੂ ਅਨੁਸਾਰ ਸਾਹਿਤ ਦੇ ਪ੍ਰਕਾਰਜ ਵਜੋਂ 'ਵਿਰੇਚਨ' (catharsis) ਦਾ ਕੀ ਮਹੱਤਵ ਹੈ ?

(ix) ਉੱਤਰ-ਸੰਰਚਨਾਵਾਦੀ ਸਿਧਾਂਤ ਦਾ ਸਿਧਾਂਤਕ ਚੌਖਟਾ ਕਿਹੜੇ ਚਾਰ ਮੁੱਖ ਚਿੰਤਕਾਂ ਦੀਆਂ ਲਿਖਤਾਂ ਉੱਤੇ ਆਧਾਰਿਤ ਹੈ ?

(x) ਨਾਰੀਵਾਦੀ ਚਿੰਤਕ ਸਿਮੋਨ ਦ ਬੂਆਰ ਦੀ ਇਕ ਮਹੱਤਵਪੂਰਣ ਧਾਰਣਾ "ਨਾਰੀ ਜੰਮਦੀ ਨਹੀਂ ਸਗੋਂ ਬਣਾ ਦਿੱਤੀ ਜਾਂਦੀ ਹੈ" ਤੋਂ ਤੁਹਾਡਾ ਕੀ ਭਾਵ ਹੈ ?

(xi) 'ਦ੍ਰਿਸ਼ਟੀਕੋਣ', 'ਸੰਰਚਨਾਵਾਦ ਦੇ ਆਰ ਪਾਰ', 'ਮੋਹਣ ਸਿੰਘ ਦਾ ਕਾਵਿ-ਜਗਤ', ਅਤੇ 'ਮਸਲੇ ਗਲਪ ਦੇ' ਨਾਮੀ ਚਾਰ ਆਲੋਚਨਾ ਪੁਸਤਕਾਂ ਦੇ ਲੇਖਕਾਂ ਦੇ ਨਾਮ ਲਿਖੋ।

(xii) ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ ਵਿਚ ਦੋ ਮੁੱਖ ਅੰਤਰ ਕੀ ਹਨ ?

2×12=24

Roll No. ........................ Total No. of Pages : 2

# PC 3221-MMG

**O-2/2058**

**ਆਧੁਨਿਕ ਪੰਜਾਬੀ ਕਾਵਿ**

**Paper–IV Opt.–(i)**

**Semester–II**

Time Allowed : Three Hours] [Maximum Marks : 60

**ਭਾਗ—ੳ**

1. ਕਵਿਤਾ ਵਿਚ ਗਤੀਸ਼ੀਲਤਾ ਅਤੇ ਆਧੁਨਿਕਤਾ ਕੀ ਇਕੋ ਸਿੱਕੇ ਦੇ ਦੋ ਪਾਸੇ ਹਨ ? ਵਿਸਥਾਰ ਵਿਚ ਚਰਚਾ ਕਰਕੇ ਖੰਡਨ ਜਾਂ ਮੰਡਨ ਕਰੋ।
2. ਸ਼ੈਲੀ ਵਿਗਿਆਨ ਸੰਕਲਪ ਕੀ ਹੈ ? ਕੀ ਕਾਵਿ ਵਿਚ ਸ਼ੈਲੀ ਕਿਸੇ ਕਵੀ ਦੀ ਵਿਲੱਖਣ ਪਛਾਣ ਬਣਾਉਂਣ ਵਿਚ ਸਹਾਈ ਹੋ ਸਕਦੀ ਹੈ ? ਵਿਚਾਰ ਕਰੋ। 9×1=9

**ਭਾਗ—ਅ**

**ਅ–1**

3. ਸ਼ਿਵ ਕੁਮਾਰ ਦੀ ਕਵਿਤਾ ਦਾ ਲੋਕ-ਧਾਰਾਈ ਅਧਿਐਨ ਪੇਸ਼ ਕਰੋ। ਉਦਾਹਰਣਾਂ ਬਿਰਹਾ ਤੂੰ ਸੁਲਤਾਨ ਵਿਚੋਂ ਦਿਓ।
4. ਸ਼ਿਵ ਕੁਮਾਰ ਦੀ ਕਵਿਤਾ ਵਿਚ ਵਰਤੇ ਗਏ ਸੰਬੋਧਨਾਂ ਦੇ ਮਹੱਤਵ ਬਾਰੇ ਆਪਣੀ ਰਾਇ ਤੋਂ ਜਾਣੂ ਕਰਾਓ।

**ਅ–2**

5. "ਜਗਤਾਰ ਦੀ ਕਵਿਤਾ ਵਿਚ ਅਨੁਭਵ ਦੀ ਅਮੀਰੀ ਹੈ ਅਤੇ ਕਲਾ ਦੀ ਸ੍ਰੇਸ਼ਟਤਾ ਵੀ।" ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ? ਉੱਤਰ 'ਪ੍ਰਵੇਸ਼ ਦੁਆਰ' ਦੇ ਆਧਾਰ 'ਤੇ ਦਿਓ।
6. ਜਗਤਾਰ ਨੂੰ ਮੌਲਿਕ ਬਿੰਬਾਂ ਅਤੇ ਪ੍ਰਤੀਕਾਂ ਦਾ ਸ਼ਾਇਰ ਮੰਨਿਆ ਜਾਂਦਾ ਹੈ। ਇਸ ਧਾਰਣਾ ਨਾਲ ਸਹਿਮਤੀ ਜਾਂ ਅਸਹਿਮਤੀ ਪ੍ਰਗਟ ਕਰੋ।

**ਅ–3**

7. ਸੁਰਜੀਤ ਪਾਤਰ ਦੀ ਕਵਿਤਾ ਵਿਚਲੇ ਸਰੋਦੀ ਗੁਣਾਂ ਬਾਰੇ ਵਿਚਾਰ ਕਰੋ। ਉਦਾਹਰਣਾਂ 'ਸੁਰਜ਼ਮੀਕ' ਵਿਚੋਂ ਦਿਓ।

8. ਸੁਰਜੀਤ ਪਾਤਰ ਵਰਤਮਾਨ ਦੌਰ ਦਾ ਸ੍ਰੇਸ਼ਟਤਮ ਕਵੀ ਹੈ। ਕਾਰਣਾਂ ਦੀ ਪੜਚੋਲ ਕਰੋ।

**ਅ–4**

9. ਜਦੋਂ ਤਕ ਜ਼ਿੰਦਗੀ ਦੀ ਲੋਚਾ ਬਰਕਰਾਰ ਹੈ, ਉਦੋਂ ਤਕ ਪਾਸ਼ ਕਾਵਿ ਦੀ ਪ੍ਰਸੰਗਿਕਤਾ ਬਰਕਰਾਰ ਹੈ ਕਿਉਂਕਿ ਉਸਦੀ ਕਵਿਤਾ ਜ਼ਿੰਦਗੀ ਦੀ ਤੜਪ ਪੇਸ਼ ਕਰਦੀ ਹੈ। 'ਹੁਣ ਮੈਂ ਵਿਦਾ ਹੁੰਦਾ ਹਾਂ' ਨੂੰ ਆਧਾਰ ਬਣਾ ਕੇ ਉੱਤਰ ਦਿਓ।

10. ਪਾਸ਼ ਦੀ ਕਾਵਿ-ਸ਼ਕਤੀ ਕੇਵਲ ਭਾਸ਼ਾ ਭੰਡਾਰ ਵਿਚ ਨਹੀਂ, ਸਗੋਂ ਬਿੰਬ ਸਿਰਜਣ ਵਿਚ ਵੀ ਹੈ। ਬਹਿਸ ਕਰੋ। 9×3=27

**ਭਾਗ—ੲ**

**ਨੋਟ :–** ਸਾਰੇ ਪ੍ਰਸ਼ਨ ਲਾਜ਼ਮੀ ਹਨ। ਉੱਤਰ **5-6** ਸਤਰਾਂ ਵਿਚ ਦਿਓ :

11. (i) ਭਾਰਤੀ ਕਾਵਿ ਸ਼ਾਸਤਰ ਕੀ ਹੈ ਅਤੇ ਇਸ ਦਾ ਕਵਿਤਾ ਦੀ ਪਰਖ ਵਿੱਚ ਕੀ ਸਥਾਨ ਹੈ ?

(ii) ਪ੍ਰਬੰਧ ਕਾਵਿ ਦੇ ਦੋ ਮੁੱਖ ਤੱਤ, ਬਿਆਨ ਕਰੋ।

(iii) ਕਵਿਤਾ ਵਿਚ ਛੰਦ ਦਾ ਮਹੱਤਵ।

(iv) ਕਾਵਿ ਵਿਚ ਅਲੰਕਾਰ।

(v) ਸ਼ਿਵ ਕੁਮਾਰ ਦੀ ਕਾਵਿ ਪੁਸਤਕ 'ਪੀੜਾਂ ਦਾ ਪਰਾਗਾ' ਵਿਚ ਪਰਾਗਾ ਦੇ ਕੀ ਅਰਥ ਹਨ ?

(vi) 'ਅਲਵਿਦਾ' ਕਿਸ ਕਵੀ ਦਾ ਕਾਵਿ ਸੰਗ੍ਰਹਿ ਅਤੇ ਇਸ ਦੇ ਸੰਪਾਦਕਾਂ ਦੇ ਕੀ ਨਾਂ ਹਨ ?

(vii) ਸ਼ਿਵ ਕੁਮਾਰ ਨੂੰ ਧਾਰਾਵਾਂ ਬਾਹਰਾ ਕਵੀ ਕਿਹਾ ਗਿਆ ਹੈ, ਇਸ ਦਾ ਕੀ ਅਰਥ ਹੈ ?

(viii) ਸ਼ਿਵ ਕੁਮਾਰ ਦੀ ਬਿੰਬਾਵਲੀ।

(ix) ਜਗਤਾਰ ਦੀ ਕਾਵਿ ਭਾਸ਼ਾ।

(x) 'ਪ੍ਰਵੇਸ਼ ਦੁਆਰ' ਨੂੰ ਕੀ ਜਗਤਾਰ ਦਾ ਪ੍ਰਤਿਨਿਧ ਕਾਵਿ ਸੰਗ੍ਰਹਿ ਮੰਨਿਆ ਜਾ ਸਕਦਾ ਹੈ ?

(xi) ਜਗਤਾਰ ਦੁਆਰਾ ਸੰਪਾਦਿਤ ਕੀਤੇ ਜਾਂਦੇ ਰਹੇ ਰਿਸਾਲੇ ਦਾ ਨਾਂ ਕੀ ਸੀ ?

(xii) ਸੁਰਜੀਤ ਪਾਤਰ ਦੀ ਗ਼ਜ਼ਲ ਕਲਾ। 12×2=24

# PC–3224/MG

**O–2/2058**

## ਆਧੁਨਿਕ ਪੰਜਾਬੀ ਗਲਪ–V (ii)

(Semester–II)

Time : Three Hours] [Maximum Marks : 60

ਦਿੱਤੀਆਂ ਹਿਦਾਇਤਾਂ ਮੁਤਾਬਕ ਜਵਾਬ ਦਿਓ।

### ਭਾਗ—ੳ

ਇਸ ਭਾਗ ਵਿਚੋਂ ਕੋਈ *ਇਕ* ਪ੍ਰਸ਼ਨ ਕਰਨਾ ਹੈ :

I. 'ਕਹਾਣੀ ਰੂਪਾਕਾਰ' ਲੇਖ ਵਿਚ ਡਾ. ਬਲਦੇਵ ਸਿੰਘ ਧਾਲੀਵਾਲ ਨੇ ਜੋ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਵਿਸਥਾਰ ਵਿਚ ਵਿਚਾਰੋ।

II. 'ਨਿੱਕੀ' ਕਹਾਣੀ ਅਤੇ ਮਨੁੱਖੀ ਅਨੁਭਵ' ਲੇਖ ਵਿਚ ਕਹਾਣੀ ਸਬੰਧੀ ਪੇਸ਼ ਡਾ. ਅਤਰ ਸਿੰਘ ਦੀ ਧਾਰਨਾਵਾਂ ਬਾਰੇ ਵਿਸ਼ਲੇਸ਼ਣਾਤਮਕ ਵਿਚਾਰ ਪੇਸ਼ ਕਰੋ। 1×9=9

### ਭਾਗ—ਅ

ਇਸ ਭਾਗ ਵਿਚੋਂ ਕੁਲ *ਤਿੰਨ* ਸਵਾਲ ਕਰੋ ਪਰ ਸਲੇਬਸ ਵਿਚ ਲੱਗੀਆਂ ਪੁਸਤਕਾਂ ਵਿਚੋਂ ਕਿਸੇ ਵੀ ਪੁਸਤਕ ਦਾ ਇਕ ਹੀ ਕਰ ਸਕਦੇ ਹੋ :

III. ਕੁਲਵੰਤ ਸਿੰਘ ਵਿਰਕ ਦੇ ਕਹਾਣੀ ਸੰਗ੍ਰਹਿ 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਵਿਚ ਪੇਸ਼ ਪ੍ਰਮੁਖ ਵਿਸ਼ਿਆਂ ਨੂੰ ਮਿਸਾਲਾਂ ਦੇ ਕੇ ਵਿਚਾਰੋ।

IV. ਕੁਲਵੰਤ ਸਿੰਘ ਵਿਰਕ ਦੀ ਕਥਾ-ਯੋਗਤਾ ਦੀਆਂ ਪ੍ਰਮੁਖ ਵਿਸ਼ੇਸ਼ਤਾਵਾਂ ਨੂੰ ਉਸਦੇ ਕਹਾਣੀ ਸੰਗ੍ਰਹਿ 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਦੇ ਆਧਾਰ 'ਤੇ ਵਿਚਾਰੋ।

V. 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਦੇ ਆਧਾਰ 'ਤੇ ਸੁਖਵੰਤ ਕੌਰ ਮਾਨ ਦੀ ਕਹਾਣੀ-ਕਲਾ ਨੂੰ ਮਿਸਾਲਾਂ ਦੇ ਕੇ ਸਪੱਸ਼ਟ ਕਰੋ।

VI. ਸੁਖਵੰਤ ਕੌਰ ਮਾਨ ਦੇ ਕਹਾਣੀ ਸੰਗ੍ਰਹਿ 'ਚਾਦਰ ਹੇਠਲਾ ਬੰਦਾ' ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

VII. ਵਰਿਆਮ ਸਿੰਘ ਸੰਧੂ ਦੇ ਕਹਾਣੀ ਸੰਗ੍ਰਹਿ 'ਚੌਥੀ ਕੂਟ' ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰੋ।

VIII. ਵਰਿਆਮ ਸਿੰਘ ਸੰਧੂ ਦੇ ਕਹਾਣੀ ਸੰਗ੍ਰਹਿ 'ਚੌਥੀ ਕੂਟ' ਵਿਚ ਪੇਸ਼ ਪੰਜਾਬ ਸੰਕਟ ਦੇ ਦ੍ਰਿਸ਼ ਦੀ ਪ੍ਰਮਾਣਿਕਤਾ ਨੂੰ ਮਿਸਾਲਾਂ ਦੇ ਕੇ ਵਿਚਾਰੋ।

IX. ਸਮਕਾਲੀ ਪੰਜਾਬੀ ਕਹਾਣੀ ਦੀਆਂ ਪ੍ਰਮੁਖ ਕਲਾਤਮਕ ਵਿਸ਼ੇਸ਼ਤਾਵਾਂ ਨੂੰ ਕਹਾਣੀ ਸੰਗ੍ਰਹਿ 'ਆਹਟ' ਦੇ ਆਧਾਰ 'ਤੇ ਸਪੱਸ਼ਟ ਕਰੋ।



X. 'ਆਹਟ' ਕਹਾਣੀ ਸੰਗ੍ਰਹਿ ਵਿਚ ਕਿਸੇ ਇਕ ਮਹੱਤਵਪੂਰਨ ਕਹਾਣੀ ਦਾ ਵਿਹਾਰਕ ਅਧਿਐਨ ਪੇਸ਼ ਕਰੋ। 3×9=27

### ਭਾਗ—ੲ

XI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਜਵਾਬ ਦਿਓ :

1. 'ਨਿੱਕੀ ਕਹਾਣੀ ਦੀ ਰੂਪ-ਵਿਧਾ' ਲੇਖ ਕਿਸ ਵਿਦਵਾਨ ਦਾ ਹੈ ਅਤੇ ਵਿਦਵਾਨ ਨੇ ਇਸ ਵਿਚ ਕੀ ਪ੍ਰਮੁਖ ਵਿਚਾਰ ਪੇਸ਼ ਕੀਤਾ ਹੈ?
2. ਰਜਣੀਸ਼ ਬਹਾਦਰ ਸਿੰਘ ਦੇ ਕਹਾਣੀ ਸਬੰਧੀ ਪ੍ਰਾਪਤ ਵਿਚ ਪ੍ਰਮੁਖ ਵਿਚਾਰ ਨੂੰ ਬਹੁਤ ਹੀ ਸੰਖੇਪ ਵਿਚ ਵਿਚਾਰੋ।
3. ਹਰਿਭਜਨ ਸਿੰਘ ਦੇ ਕਹਾਣੀ ਸਬੰਧੀ ਪ੍ਰਾਪਤ ਵਿਚਾਰਾਂ ਨੂੰ ਸੂਤਰ ਵਿਚ ਪੇਸ਼ ਕਰੋ।
4. ਸਲੇਬਸ ਵਿਚ ਲੱਗੀ ਪੁਸਤਕ 'ਗਲਪ ਸਿਧਾਂਤ' ਦੇ ਭਾਗ ਦੂਸਰਾ ਵਿਚ ਸੰਤ ਸਿੰਘ ਸੇਖੋਂ ਦੇ ਲੇਖ ਦਾ ਕੀ ਨਾਂ ਹੈ ਅਤੇ ਪ੍ਰਮੁਖ ਵਿਚਾਰ ਕੀ ਪੇਸ਼ ਕੀਤਾ ਹੈ?
5. 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਕਹਾਣੀ ਸੰਗ੍ਰਹਿ ਵਿਚ ਪ੍ਰਾਪਤ 'ਸ਼ੇਰਨੀਆਂ' ਕਹਾਣੀ ਦੇ ਕੇਂਦਰੀ ਭਾਵ ਨੂੰ ਸੰਖੇਪ ਵਿਚ ਬਿਆਨ ਕਰੋ।
6. ਕੁਲਵੰਤ ਸਿੰਘ ਵਿਰਕ ਦੇ ਕਥਾ-ਸੰਗਠਨ ਦੇ ਕਿਸੇ ਇਕ ਗੁਣ ਨੂੰ ਮਿਸਾਲ ਦੇ ਕੇ ਸੰਖੇਪ ਵਿਚ ਵਿਚਾਰੋ।
7. ਸੁਖਵੰਤ ਕੌਰ ਮਾਨ ਦੀ ਕਥਾ-ਯੋਗਤਾ ਦੀ ਵਿਲੱਖਤਾ ਨੂੰ ਸੰਖੇਪ ਵਿਚ ਵਿਚਾਰੋ।

8. 'ਚਾਦਰ ਹੇਠਲਾ ਬੰਦਾ' ਕਹਾਣੀ ਸੰਗ੍ਰਹਿ ਵਿਚ ਪ੍ਰਾਪਤ ਕਿਸੇ ਇਕ ਮਹੱਤਵਪੂਰਨ ਕਹਾਣੀ ਦੇ ਕੇਂਦਰੀ ਭਾਵ ਨੂੰ ਸੰਖੇਪ ਵਿਚ ਵਿਚਾਰੋ।

9. ਵਰਿਆਮ ਸਿੰਘ ਸੰਧੂ ਦੇ ਕੋਈ ਦੋ ਸਮਕਾਲੀ ਕਹਾਣੀਕਾਰਾਂ ਦੇ ਨਾਂ ਲਿਖੋ ਅਤੇ ਉਸ ਦੀ ਉਨ੍ਹਾਂ ਨਾਲੋਂ ਵਿਲੱਖਤਾ ਨੂੰ ਸੰਖੇਪ ਵਿਚ ਬਿਆਨ ਕਰੋ।

10. 'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਦੇ ਕੇਂਦਰੀ ਭਾਵ ਨੂੰ ਸੰਖੇਪ ਵਿਚ ਪੇਸ਼ ਕਰੋ।

11. 'ਆਹਟ' ਕਹਾਣੀ ਸੰਗ੍ਰਹਿ ਵਿਚ ਕੁੱਲ ਕਿੰਨੀਆਂ ਕਹਾਣੀਆਂ ਹਨ ਅਤੇ ਇਨ੍ਹਾਂ ਕਹਾਣੀਆਂ ਦੀ ਸਮਕਾਲੀ ਪ੍ਰਸੰਗਕਤਾ ਨੂੰ ਸੰਖੇਪ ਵਿਚ ਵਿਚਾਰੋ।

12. 'ਆਹਟ' ਕਹਾਣੀ ਸੰਗ੍ਰਹਿ ਵਿਚ ਸਭ ਤੋਂ ਕਮਜ਼ੋਰ ਕਹਾਣੀ ਕਿਹੜੀ ਹੈ? ਉੱਤਰ ਤਰਕ ਸਮੇਤ ਸੰਖੇਪ ਵਿਚ ਵਿਚਾਰੋ।

12×2=24

---